# ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ

## ਗਉੜੀ ਗੁਆਰੇਰੀ ਮਹਲਾ ੫ ॥

ਇਹ ਸ਼ਬਦ, ਸ੍ਰੀ ਗੁਰੂ ਅਰਜਨ ਸਾਹਿਬ ਦਾ ਗਉੜੀ ਰਾਗ ਦੇ ਗੁਆਰੇਰੀ ਪਰਕਾਰ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੧੭੯ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਦੋ 'ਰਹਾਉ' ਆਏ ਹਨ, ਭਾਵ, ਦੋ ਬੰਦ ਜਾਂ ਪਦੇ 'ਰਹਾਉ' ਦੇ ਆਏ ਹਨ। ਦੂਜੇ ਨਾਲ 'ਰਹਾਉ ਦੂਜਾ' ਅੰਕਤ ਹੈ। ਗੁਰਬਾਣੀ ਵਿਚ ਇਕ ਤੋਂ ਵਧ 'ਰਹਾਉ' ਦੀ ਪ੍ਰਣਾਲੀ ਮੌਜੂਦ ਹੈ। 'ਰਹਾਉ ਦੂਜਾ' ਗੁਰੂ ਗ੍ਰੰਥ ਸਾਹਿਬ ਵਿਚ ੨੫ ਸ਼ਬਦਾਂ ਵਿਚ ਆਉਂਦਾ ਹੈ।

ਪਹਿਲੇ 'ਰਹਾਉ' ਵਿਚ ਕੋਈ ਸਮੱਸਿਆ ਜਾਂ ਪ੍ਰਸ਼ਨ ਹੁੰਦਾ ਹੈ। ਅਗਲੇ 'ਰਹਾਉ' ਵਿਚ ਸਮੱਸਿਆ ਦਾ ਹੱਲ ਜਾਂ ਪ੍ਰਸ਼ਨ ਦਾ ਉਤਰ। ਗਾਇਨ ਕਰਣ ਵਾਲੇ ਨੇ ਪਹਿਲੇ 'ਰਹਾਉ' ਨੂੰ ਸਥਾਈ ਬਣਾਉਣਾ ਹੁੰਦਾ ਹੈ। ਜਦੋਂ ਦੂਜਾ 'ਰਹਾਉ' ਆ ਜਾਵੇ ਤਾ ਦੂਜਾ 'ਰਹਾਉ' ਸਥਾਈ ਬਣਾ ਕੇ ਸ਼ਬਦ ਗਾਇਨ ਕਰਨਾ ਹੁੰਦਾ ਹੈ।

ਦੋ ਤੋਂ ਵਧ 'ਰਹਾਉ' ਵਾਲੇ ਸ਼ਬਦ ਵੀ ਮੌਜੂਦ ਹਨ, ਜਿਵੇਂ - 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥..', ਪੰਨਾ ੯੬. ਇਸ ਚਉਪਦੇ ਸ਼ਬਦ ਵਿਚ ਚਾਰ 'ਰਹਾਉ' ਹਨ।

'ਰਹਾਉ' ਦਾ ਭਾਵ ਹੁੰਦਾ ਹੈ ਠਹਿਰਾਉ। ਠਹਿਰੋ ਅਤੇ ਧਿਆਨ ਦਿਉ। ਕਿਉਂਕਿ ਇਸ ਪਦੇ ਵਿਚ ਸ਼ਬਦ ਦਾ ਜਾਂ ਕਿਸੇ ਵੀ ਲਮੇਰੀ ਬਾਣੀ ਦਾ ਵੀ ਸਾਰ ਹੁੰਦਾ ਹੈ। ਸਮੁਚਾ ਸ਼ਬਦ ਜਾਂ ਲਮੇਰੀ ਬਾਣੀ ਵੀ ਉਸੇ 'ਰਹਾਉ' ਵਾਲੀ ਪੰਕਤੀ ਜਾਂ ਪਦੇ ਦੇ ਦੁਆਲੇ ਹੀ ਘੁੰਮਦੀ ਹੈ, ਉਸੇ ਦੀ ਹੀ ਵਿਆਖਿਆ ਕਰਦੀ ਹੈ। ਜਿਵੇਂ ਸੁਖਮਨੀ ਸਾਹਿਬ ਵਿਚ 'ਰਹਾਉ' ਦਾ ਪਦਾ ਹੈ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥' ਸਾਰੀ 'ਸੁਖਮਨੀ' ਬਾਣੀ ਇਸੇ ਦਾ ਵਿਸਤਾਰ ਹੈ ਕਿ ਸੁਖਾਂ ਦਾ ਖ਼ਜ਼ਾਨਾ, ਪ੍ਰਭੂ ਦਾ ਅੰਮ੍ਰਿਤ ਮਈ ਨਾਮ ਹੈ ਅਤੇ ਇਸ ਦਾ ਵਾਸਾ, ਭਗਤਾਂ ਦੇ ਹਿਰਦੇ ਵਿਚ ਹੈ।

**ਬਹੁ ਰੰਗ ਮਾਇਆ ਬਹੁ ਬਿਧਿ ਪੇਖੀ॥ ਕਲਮ ਕਾਗਦ ਸਿਆਨਪ ਲੇਖੀ॥**

**ਮਹਰ ਮਲੂਕ ਹੋਇ ਦੇਖਿਆ ਖਾਨ॥ ਤਾ ਤੇ ਨਾਹੀ ਮਨੁ ਤ੍ਰਿਪਤਾਨ॥੧॥**

-- ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਮੋਹ ਮਾਇਆ ਦੇ

ਅਨੇਕ ਰੰਗ, ਅਨੇਕ ਢੰਗਾਂ ਨਾਲ ਵੇਖੇ ਹਨ, ਭੋਗੇ ਹਨ। ਆਪਣੀ ਵਿਦਵਤਾ ਰੂਪੀ ਮਾਇਆ ਨਾਲ, ਕਾਗ਼ਜ਼ਾਂ ਤੇ ਬਹੁਤ ਲੇਖ ਲਿਖੇ ਹਨ।

ਜਦੋਂ ਮਨੁਖ, ਸਾਧੂ ਦੀ ਸ਼ਰਣ ਲੈ ਲੈਂਦਾ ਹੈ ਤਾਂ ਸਾਰੀ ਤਾਕਤ, ਸਿਆਣਪ ਅਤੇ ਹਉਮੈ ਧਰੇ ਰਹਿ ਜਾਂਦੇ ਹਨ - 'ਬਲ ਬੁਧਿ ਸਿਆਨਪ ਹਉਮੈ ਰਹੀ॥ ਹਰਿ ਸਾਧ ਸਰਣਿ ਨਾਨਕ ਗਹੀ॥', ਪੰਨਾ ੨੧੧.

-- ਚੌਧਰੀ, ਸੁਲਤਾਨ, ਵਡਾ ਖ਼ਾਨ ਜਾਂ ਸਰਦਾਰ ਬਣ ਕੇ ਵੀ ਵੇਖ ਲਿਆ ਹੈ। ਮਾਇਆ ਦੇ ਇਹ ਸਾਰੇ ਰੂਪ ਪ੍ਰਾਪਤ ਕਰ ਕੇ ਵੀ ਮਨ ਨੂੰ ਤ੍ਰਿਪਤੀ ਨਹੀਂ ਮਿਲੀ।੧।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੪ ਤੇ ਫ਼ੁਰਮਾਣ ਕਰਦੇ ਹਨ ਕਿ ਬੇਸ਼ਕ ਮੈਂ ਸੁਲਤਾਨ ਬਣ ਜਾਵਾਂ, ਫ਼ੌਜਾਂ ਇਕਠੀਆਂ ਕਰ ਕੇ ਤਖ਼ਤ ਤੇ ਬੈਠਾਂ, ਸਭ ਪਾਸੇ ਮੇਰਾ ਹੁਕਮ ਚਲਦਾ ਹੋਵੇ ਤਾਂ ਇਹ ਸਭ ਕੁਝ ਵੀ ਵਿਅਰਥ ਹੈ - 'ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥'

**ਸੋ ਸੁਖ ਮੋਕਉ ਸੰਤ ਬਤਾਵਹੁ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ॥੧॥ਰਹਾਉ॥**

-- ਹੇ ਸੰਤ ਜੀ ! ਮੈਨੂੰ ਉਹ ਸੁਖ ਦਸੋ, ਭਾਵ, ਬਖ਼ਸ਼ ਦਿਉ, ਜਿਸ ਨਾਲ ਮੇਰੇ ਅੰਦਰ ਤੋਂ ਇਹ ਸਾਰੀਆਂ ਮਾਇਆ ਰੂਪੀ ਤ੍ਰਿਸ਼ਨਾਵਾਂ ਬੁਝ ਜਾਣ ਅਤੇ ਮਨ ਤ੍ਰਿਪਤ ਹੋ ਜਾਏ।੧।ਰਹਾਉ।

ਇਸ ਪਹਿਲੇ 'ਰਹਾਉ' ਵਿਚ ਸਮੱਸਿਆ ਅਤੇ ਪ੍ਰਸ਼ਨ, ਦੋਨੋ ਹਨ। ਅਸਲ ਸੁਖ ਦਾ ਖ਼ਜ਼ਾਨਾ ਤਾਂ ਭਗਤਾਂ ਕੋਲ ਹੈ ਅਤੇ ਉਨ੍ਹਾਂ ਤੋਂ ਹੀ ਮਿਲ ਸਕਦਾ ਹੈ, ਜਿਵੇਂ ਉਪਰ ਸੁਖਮਨੀ ਸਾਹਿਬ ਦੀ 'ਰਹਾਉ' ਦੀ ਪੰਕਤੀ ਵਿਚ ਬਿਆਨ ਕੀਤਾ ਜਾ ਚੁਕਿਆ ਹੈ।

**ਅਸੁ ਪਵਨ ਹਸਤਿ ਅਸਵਾਰੀ॥ ਚੋਆ ਚੰਦਨੁ ਸੇਜ ਸੁੰਦਰਿ ਨਾਰੀ॥**

**ਨਟ ਨਾਟਿਕ ਆਖਾਰੇ ਗਾਇਆ॥ ਤਾ ਮਹਿ ਮਨਿ ਸੰਤੋਖੁ ਨ ਪਾਇਆ॥੨॥**

-- ਹਵਾ ਦੇ ਵੇਗ ਨਾਲ ਚਲਣ ਵਾਲੇ ਘੋੜਿਆਂ ਤੇ ਅਤੇ ਹਾਥੀ ਤੇ ਵੀ ਸਵਾਰੀ ਕਰ ਕੇ ਮਾਇਆ ਦਾ ਇਹ ਰੂਪ ਵੀ ਵੇਖ ਲਿਆ ਹੈ। ਚੰਦਨ ਦੇ ਇੱਤਰ ਦੀ ਸੁਗੰਧੀ ਅਤੇ ਆਪਣੀ ਸੇਜ ਤੇ ਸੁੰਦਰ ਨਾਰੀਆਂ ਦੇ ਭੋਗ ਵੀ ਮਾਣ ਲਏ

ਹਨ।

ਪਰ ਸੁਖ ਨਹੀਂ ਮਿਲਿਆ, ਤ੍ਰਿਪਤੀ ਨਹੀਂ ਮਿਲੀ ਕਿਉਂਕਿ ਪੰਜਵੇਂ ਪਾਤਸ਼ਾਹ ਦੇ, ਪੰਨਾ ੬੭੨ ਤੇ ਬਚਨ ਹਨ ਕਿ ਜਿਵੇਂ ਅੱਗ ਵਿਚ ਈਂਧਨ ਪਾਉਣ ਨਾਲ ਉਹ ਬੁਝਦੀ ਨਹੀਂ ਸਗੋਂ ਹੋਰ ਭੜਕਦੀ ਹੈ, ਇਸੇ ਤਰ੍ਹਾਂ ਬਿਖਿਆ ਮਾਇਆ ਦੇ ਭੋਗ ਭੋਗਣ ਨਾਲ ਤ੍ਰਿਪਤੀ ਨਹੀਂ ਹੁੰਦੀ ਸਗੋਂ ਲਾਲਸਾ ਵਧਦੀ ਹੈ, ਇਹੀ ਮਹਾਤਮਾ ਬੁਧ ਜੀ ਦੇ ਵੀ ਵੀਚਾਰ ਹਨ - 'ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ।। ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ।।' ਹਰੀ ਦੇ ਨਾਮ ਤੋਂ ਬਿਨਾਂ ਤ੍ਰਿਪਤੀ ਸੰਭਵ ਨਹੀਂ।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੨੨੫ ਤੇ, ਸੁੰਦਰ ਨੈਣਾਂ ਵਾਲੀ ਸੁੰਦਰ ਇਸਤਰੀ, ਉਹ ਵੀ ਸ਼ਿੰਗਾਰ ਕੀਤੀ ਅਤਿ ਪਿਆਰੀ ਲਗਦੀ ਹੋਵੇ, ਪ੍ਰਭੂ ਦੇ ਸਿਮਰਨ ਦੇ ਸਾਹਮਣੇ ਤੁਛ ਹੈ - 'ਨੈਨ ਸਲੋਨੀ ਸੁੰਦਰ ਨਾਰੀ।। ਖੋੜ ਸੀਗਾਰ ਕਰੈ ਅਤਿ ਪਿਆਰੀ।। ਬਿਨੁ ਜਗਦੀਸ ਭਜੇ ਨਿਤ ਖੁਆਰੀ।।'

ਸੁਖਮਨੀ ਸਾਹਿਬ ਵਿਚ ਬਚਨ ਹਨ ਕਿ ਘੋੜੇ ਹਾਥੀ, ਰਥਾਂ ਆਦਿ ਦੀ ਸਵਾਰੀ, ਇਹ ਸਭ ਝੂਠੇ ਮਾਇਆ ਦੇ ਦਿਖਾਵੇ, ਪਸਾਰੇ ਹਨ - 'ਅਸੁ ਹਸਤੀ ਰਥ ਅਸਵਾਰੀ।। ਝੂਠਾ ਡੰਫੁ ਝੂਠੁ ਪਾਸਾਰੀ।।' ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੪ ਤੇ ਫੁਰਮਾਉਂਦੇ ਹਨ ਕਿ ਜਿਤਨੇ ਤਰ੍ਹਾਂ ਦੇ ਮਰਜ਼ੀ ਕਸਤੂਰੀ, ਚੰਦਨ ਆਦਿ ਦੇ ਇਤਰ ਵਰਤ ਲਏ ਜਾਣ, ਸਭ ਵਿਅਰਥ ਹਨ, ਮਤਾਂ ਮੈਂ, ਪ੍ਰਭੂ ਦਾ ਨਾਮ ਭੁਲ ਜਾਵਾਂ, ਇਸ ਲਈ ਇਹ ਸਭ ਮੇਰੇ ਕਿਸੇ ਕੰਮ ਦੇ ਨਹੀਂ - 'ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।। ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।'

-- ਰੰਗ ਮੰਚ ਅਤੇ ਨਟਾਂ ਦੇ ਖੇਡ ਤਮਾਸ਼ੇ ਵੀ ਵੇਖੇ ਅਤੇ ਗੀਤ ਸੰਗੀਤ ਵੀ ਸੁਣ ਲਿਆ। ਇਨ੍ਹਾਂ ਸਾਰੇ ਮਾਇਆ ਦੇ ਰੂਪਾਂ ਦੀ ਮੌਜ ਮਸਤੀ ਨਾਲ ਵੀ ਮਨ ਨੂੰ ਕਦੇ ਸੰਤੋਖ ਪ੍ਰਾਪਤ ਨਹੀਂ ਹੋਇਆ।੨।

ਸ੍ਰੀ ਗੁਰੂ ਅੰਗਦ ਸਾਹਿਬ, ਪੰਨਾ ੧੪੭ ਤੇ ਫੁਰਮਾਣ ਕਰਦੇ ਹਨ ਕਿ ਜਿਤਨੇ ਮਰਜ਼ੀ ਰੰਗ ਤਮਾਸੇ ਵੇਖ ਲਏ ਜਾਣ, ਸਾਰੇ ਅੰਗ ਕਿਸੇ ਨਾ ਕਿਸੇ ਮਾਇਕ ਰਸ ਦੇ ਗਾਹਕ ਹਨ, ਰਜਦੇ ਨਹੀਂ - 'ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ।।' ਭਾਈ ਗੁਰਦਾਸ ਜੀ ਨੇ ਵੀ, ਅਖਾਂ ਦੇ ਰਾਹੀਂ ਤਰ੍ਹਾਂ ਤਰ੍ਹਾਂ ਦੇ ਰੰਗ ਤਮਾਸੇ

ਦੇਖਣ ਦੇ ਬਾਵਜੂਦ ਨਾ ਰਜਣ ਬਾਰੇ ਆਗਾਹ ਕੀਤਾ ਹੈ - 'ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।।', ਵਾਰ ੨੭:੯.

**ਤਖਤੁ ਸਭਾ ਮੰਡਨ ਦੋਲੀਚੇ।। ਸਗਲ ਮੇਵੇ ਸੁੰਦਰ ਬਾਗੀਚੇ।।**

**ਆਖੇੜ ਬਿਰਤਿ ਰਾਜਨ ਕੀ ਲੀਲਾ।। ਮਨੁ ਨ ਸੁਹੇਲਾ ਪਰਪੰਚੁ ਹੀਲਾ।।੩।।**

-- ਰਾਜ ਸਿੰਘਾਸਣ ਅਤੇ ਦਰਬਾਰ, ਉਨ੍ਹਾਂ ਉਤੇ ਸੁੰਦਰ ਵਿਛਾਉਣੇ, ਗਲੀਚੇ ਆਦਿ, ਅਨੇਕ ਤਰ੍ਹਾਂ ਦੇ ਮੇਵੇ ਅਤੇ ਅਨੇਕ ਤਰ੍ਹਾਂ ਦੇ ਸੁੰਦਰ ਬਾਗ਼ ਵੀ ਮਾਣ ਲਏ।

-- ਸ਼ਿਕਾਰ ਦਾ ਸ਼ੌਂਕ ਵੀ ਪੂਰਾ ਕਰ ਲਿਆ, ਬਾਦਸ਼ਾਹੀ ਦਿਲ ਪਰਚਾਵੇ ਆਦਿ ਸਾਰੇ ਮਾਇਆ ਦੇ ਰੰਗ ਮਾਣ ਲਏ। ਪਰ ਮਨ ਸੁਖੈਨ ਨਹੀਂ ਹੋਇਆ। ਮਨ ਨੂੰ ਸੁਖੈਨ ਕਰਣ ਦੇ ਇਹ ਸਾਰੇ ਹੀਲੇ, ਸਾਰੇ ਮਾਇਆ ਦੇ ਰੰਗ, ਛੱਲ ਹੀ ਰਹੇ, ਕਾਮਯਾਬੀ ਨਾ ਮਿਲੀ।੩।

ਇਹ ਸ਼ਿਕਾਰੀ ਮਨ ਬਾਹਰ ਭਜਦਾ ਹੈ, ਪਰ ਸ਼ਿਕਾਰ ਤਾਂ ਆਪਣੇ ਅੰਦਰ ਹੀ ਕਰਣ ਦੀ ਲੋੜ ਹੈ। ਇਸ ਮਨ ਦਾ ਮੈਂ ਸ਼ਿਕਾਰ ਕਰ ਲਿਆ ਹੈ ਅਤੇ ਹੁਣ ਮੇਰੇ, ਭਾਵ, ਨਾਨਕ ਦੇ ਘਰ, ਮਨ ਅੰਦਰ ਸਿਰਫ਼ ਨਾਮ ਹੀ ਆਣ ਵਸਿਆ ਹੈ - 'ਆਖੇਰ ਬਿਰਤਿ ਬਾਹਰਿ ਆਇਓ ਧਾਇ।। ਅਹੇਰਾ ਪਾਇਓ ਘਰ ਕੈ ਗਾਂਇ।।..ਏਹੁ ਅਹੇਰਾ ਕੀਨੋ ਦਾਨੁ।। ਨਾਨਕ ਕੈ ਘਰਿ ਕੇਵਲ ਨਾਮੁ।।', ਪੰਨਾ ੧੧੩੬.

**ਕਰਿ ਕਿਰਪਾ ਸੰਤਨ ਸਚੁ ਕਹਿਆ।। ਸਰਬ ਸੂਖ ਇਹੁ ਆਨੰਦੁ ਲਹਿਆ।।**

**ਸਾਧ ਸੰਗਿ ਹਰਿ ਕੀਰਤਨੁ ਗਾਈਐ।। ਕਹੁ ਨਾਨਕ ਵਡਭਾਗੀ ਪਾਈਐ।।੪।।**

-- ਇਹ ਸਭ ਮਾਇਆ ਦੇ ਰੰਗ ਮਾਣਦੇ ਹੋਏ, ਮੈਨੂੰ ਸੰਤਾਂ ਨੇ ਮੇਰੇ ਤੇ ਕਿਰਪਾ ਕਰ ਕੇ, ਸਚ, ਕਰਤਾ ਪੁਰਖੁ ਬਾਰੇ ਦਸ ਦਿਤਾ, ਮੈਨੂੰ ਸਚ ਦੇ ਮਾਰਗ ਤੇ ਤੋਰ ਦਿਤਾ। ਮੈਂ ਉਸ ਸਚ ਦੀ ਪ੍ਰਾਪਤੀ ਤੋਂ ਸਾਰਾ ਆਤਮਕ ਸੁਖ, ਅਨੰਦ ਪ੍ਰਾਪਤ ਕਰ ਲਿਆ ਹੈ।

-- ਇਕ ਤਾਂ ਸਾਧੂ ਦੀ ਸੰਗਤਿ, ਦੂਜਾ, ਉਨ੍ਹਾਂ ਦੀ ਸੰਗਤਿ ਕਰਦੇ ਹੋਏ, ਹਰੀ ਦਾ ਸਿਮਰਨ ਕਰੀਏ ਜੋ, ਪੰਜਵੇਂ ਨਾਨਕ ਦਾ ਫ਼ੁਰਮਾਣ ਹੈ ਕਿ ਇਹ ਦੋਨਾਂ ਦੀ ਪ੍ਰਾਪਤੀ ਬੜੇ ਉਤਮ ਭਾਗਾਂ ਨਾਲ ਹੁੰਦੀ ਹੈ।੪।

ਪ੍ਰਭੂ ਦੀ ਕਿਰਪਾ ਨਾਲ ਹੀ ਸਚ ਦਾ ਮਾਰਗ ਮਿਲਦਾ ਹੈ, ਪਤਾ ਲਗਦਾ ਹੈ ਕਿ ਪ੍ਰਾਪਤੀ ਦਾ ਮਾਰਗ ਸਿਮਰਣ ਅਤੇ ਸਾਧੂ ਦੀ ਸੰਗਤਿ ਹੈ। ਪਾਤਸ਼ਾਹ, ਪੰਨਾ ੧੮੦ ਤੇ ਫ਼ੁਰਮਾਣ ਕਰਦੇ ਹਨ - 'ਤਉ ਕਿਰਪਾ ਤੇ ਮਾਰਗੁ ਪਾਈਐ।। ਪ੍ਰਭ ਕਿਰਪਾ ਤੇ ਨਾਮ ਧਿਆਈਐ।।' ਅਤੇ ਪ੍ਰਭੂ ਕਿਰਪਾ ਨਾਲ ਸੰਤ ਦੀ ਪ੍ਰਾਪਤੀ ਹੁੰਦੀ ਹੈ, ਮੈਂ ਉਸ ਵੇਲੇ ਤੋਂ ਵਾਰਨੇ ਵਾਰਨੇ ਜਾਂਦਾ ਹਾਂ, ਜਿਸ ਵੇਲੇ ਮੈਨੂੰ ਸਾਧੂ ਮਿਲਿਆ - 'ਪ੍ਰਭ ਕ੍ਰਿਪਾ ਤੇ ਸੰਤ ਪਾਏ  ਵਾਰਿ ਵਾਰਿ ਨਾਨਕ ਉਹ ਬੇਰੈ।।', ਪੰਨਾ ੧੩੦੧. ਸੰਤ ਜਨਾਂ ਨੇ ਮੈਨੂੰ ਹਰੀ ਦਾ ਮਾਰਗ ਦਿਖਾ ਦਿਤਾ ਅਤੇ ਕ੍ਰਿਪਾਲੂ ਸਾਧੂ ਦੀ ਕਿਰਪਾ ਨਾਲ ਹੀ ਮੇਰਾ ਮਨ ਸਿਮਰਣ ਵਿਚ ਗਿਝ ਗਿਆ। ਹਰੀ ਮੇਰਾ ਹੋ ਗਿਆ, ਮੈਂ ਉਸ ਦਾ ਦਾਸ ਹੋ ਗਿਆ ਅਤੇ ਮੈਨੂੰ ਉਸ ਨੇ ਸਚੇ ਪ੍ਰਭੂ ਨਾਲ ਜੋੜਨ ਦਾ ਆਪਣਾ ਸ਼ਬਦ, ਗੁਰ ਮੰਤਰ ਦੇ ਕੇ ਸਚ, ਪ੍ਰਭੂ ਨਾਲ ਜੋੜ ਦਿਤਾ - 'ਸੰਤਨ ਮੋ ਕਉ ਹਰਿ ਮਾਰਗਿ ਪਾਇਆ।। ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ।। ਹਰਿ ਹਮਰਾ ਹਮ ਹਰਿ ਕੇ ਦਾਸੇ  ਨਾਨਕ ਸਬਦੁ  ਗੁਰੂ ਸਚੁ ਦੀਨਾ ਜੀਉ।।', ਪੰਨਾ ੧੦੦.

**ਜਾ ਕੈ ਹਰਿ ਧਨੁ ਸੋਈ ਸੁਹੇਲਾ।। ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ।।੧।।ਰਹਾਉ ਦੂਜਾ।।੧੨।।੮੧।।**

-- ਹੁਣ ਦੂਜੇ 'ਰਹਾਉ' ਦਾ ਪਦਾ ਆਇਆ ਹੈ। ਇਸ ਵਿਚ ਪਹਿਲੇ 'ਰਹਾਉ' ਦੇ ਪਦੇ ਵਿਚ ਦਿਤੇ ਪ੍ਰਸ਼ਨ ਅਤੇ ਸਮੱਸਿਆ ਦਾ ਸਮਾਧਾਨ ਹੈ। ਪ੍ਰਸ਼ਨ ਸੀ ਕਿ ਸੁਖ ਕੀ ਹੈ, ਜਿਸ ਨਾਲ ਤ੍ਰਿਸ਼ਨਾ ਬੁਝ ਜਾਏ ਅਤੇ ਮਨ ਤ੍ਰਿਪਤ ਹੋ ਜਾਏ।

-- ਜਿਸ ਦੇ ਕੋਲ ਹਰੀ ਦੇ ਨਾਮ ਦਾ ਧਨ ਹੈ ਉਹੀ ਸੁਖੀ ਹੈ। ਇਹ ਧਨ, ਸੰਤ ਜਨਾਂ ਤੋਂ ਮਿਲਦਾ ਹੈ ਅਤੇ ਸੰਤ ਜਨ ਦੀ ਸੰਗਤਿ ਅਤੇ ਉਸ ਨਾਲ ਮਿਲਾਪ, ਪ੍ਰਭੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੇ ਹਨ।੧।ਰਹਾਉ ਦੂਜਾ।

ਬਾਣੀ ਸੁਖਮਨੀ ਸਾਹਿਬ ਦਾ ਵੀ ਇਹੀ ਕੇਂਦਰੀ ਵਿਸ਼ਾ ਅਤੇ ਸਮਾਧਾਨ ਹੈ। ਸਪਸ਼ਟ ਤੌਰ ਤੇ ਬਚਨ ਕੀਤੇ ਹਨ ਕਿ ਸੁਖਾਂ ਦਾ ਖ਼ਜ਼ਾਨਾ, ਪ੍ਰਭੂ ਦਾ ਅੰਮ੍ਰਿਤ ਮਈ ਨਾਮ ਹੈ ਅਤੇ ਇਸ ਦਾ ਵਾਸਾ ਭਗਤਾਂ ਦੇ ਹਿਰਦੇ ਵਿਚ ਹੈ। ਜਿਸ ਦਾ ਵਾਸਾ ਜਿਥੇ ਹੈ, ਉਥੋਂ ਹੀ ਉਹ ਵਸਤ ਪ੍ਰਾਪਤ ਹੋ ਸਕਦੀ ਹੈ। ਇਸ ਲਈ, ਪੰਜਵੇਂ ਪਾਤਸ਼ਾਹ ਹੋਰ ਬਚਨ ਕਰਦੇ ਹਨ ਕਿ ਹੇ ਮਨੁਖ ! ਜੇ ਤੂੰ ਸਦਾ ਸੁਖ ਚਾਹੁੰਦਾ ਹੈਂ ਤਾਂ ਗੁਰੂ ਸਾਹਿਬ ਨੇ ਇਸ ਦੀ ਪ੍ਰਾਪਤੀ ਸਾਧੂ ਸੰਗਤਿ ਤੋਂ ਦਸੀ ਹੈ, ਕਿਉਂ ਕਿ

ਸਾਧੂ ਨਾਮ ਜਪਾਉਂਦਾ ਹੈ ਅਤੇ ਉਸ ਦੀ ਸੰਗਤਿ, ਕਿਰਪਾ, ਪਾਰ ਕਰਾਉਣ ਦੀ ਸਮਰੱਥਾ ਰਖਦੀ ਹੈ - 'ਜੇ ਲੋੜਹਿ ਸਦਾ ਸੁਖੁ ਭਾਈ।। ਸਾਧੂ ਸੰਗਤਿ ਗੁਰਹਿ ਬਤਾਈ।। ਊਹਾ ਜਪੀਐ ਕੇਵਲ ਨਾਮ।। ਸਾਧੂ ਸੰਗਤਿ ਪਾਰਗਰਾਮ।।', ਪੰਨਾ ੧੧੮੨.

ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੩੯੧ ਤੇ ਵੀ ਇਸੇ ਤਰ੍ਹਾਂ ਹੀ ਫ਼ੁਰਮਾਣ ਹੈ ਕਿ ਪ੍ਰਭੂ ਦੀ ਪ੍ਰੀਤੀ, ਸਿਮਰਣ ਨਾਲ ਹੀ ਸਦਾ ਦਾ ਸੁਖ ਪ੍ਰਾਪਤ ਹੋ ਜਾਂਦਾ ਹੈ। ਆਪਣੀ ਮਿਹਨਤ ਨਾਲ ਕੋਈ ਭੁਲੇਖੇ ਨਾਲ ਵੀ ਪ੍ਰਭੂ ਨੂੰ ਨਹੀਂ ਮਿਲ ਸਕਦਾ। ਜਿਸ ਤੇ ਪ੍ਰਭੂ ਕ੍ਰਿਪਾਲ ਹੋ ਜਾਏ, ਉਸ ਨੂੰ ਸਾਧ ਨਾਲ ਮਿਲਾ ਦਿੰਦਾ ਹੈ - 'ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ।।.. ਆਪਹੁ ਕੋਈ ਮਿਲੈ ਨ ਭੂਲੈ।। ਜਿਸੁ ਕ੍ਰਿਪਾਲੁ ਤਿਸੁ ਸਾਧ ਸੰਗਿ ਘੂਲੈ।।'



31.10.2020